# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਠਿੰਡਾ

DEOSE.BATHINDA@PUNJABEDUCATION.GOV.IN

ਸੇਵਾ ਵਿਖੇ,

**ਸਮੂਹ ਸਕੂਲ ਮੁੱਖੀ / ਡੀ.ਡੀ.ਓ**
**ਜਿਲ੍ਹਾ ਬਠਿੰਡਾ।**

ਪੱਤਰ ਨੰ: ਅ-5/1( )/2023/1556
ਮਿਤੀ ਬਠਿੰਡਾ- 02.08.2023

**ਵਿਸ਼ਾ -** **LPA 691 of 2020 Govt. of Punjab Versus Labh Singh Dhaliwal and others in CWP No. 7239 of 2015 Labh Singh Dhaliwal and Others Vs State of Punjab and others.**

**ਹਵਾਲਾ-** **ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾ) ਦੇ ਪੱਤਰ ਨੰ: FD-FPPC0MISC/47/2020-3FPPC1/6100512023 ਮਿਤੀ 31.07.2023 ਅਤੇ ਦਫ. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਦੇ ਮੀਮੋ ਨੰ 21/18-2020ਬ(1,3,7)/2023212679 ਮਿਤੀ 01.02.2023 ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸਿਵਲ ਰਿੱਟ ਪਟੀਸ਼ਨ ਨੰ: 7239 ਆਫ 2015 ਲਾਭ ਸਿੰਘ ਧਾਲੀਵਾਲ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਕੇਸ ਵਿੱਚ ਮਾਨਯੋਗ ਅਦਾਲਤ ਵਲੋਂ ਮਿਤੀ 18.12.2019 ਨੂੰ ਅਲਾਓ ਕਰਦੇ ਹੋਏ ਮਿਤੀ 01.01.2006 ਤੋਂ 30.11.2011 ਤੱਕ ਰਿਟਾਇਰ ਹੋਏ ਕਰਮਚਾਰੀਆਂ ਨੂੰ 33 ਸਾਲਾਂ ਦੀ ਸੇਵਾ ਦੀ ਥਾਂ ਤੇ 25 ਸਾਲਾਂ ਦੀ ਸੇਵਾ ਪੂਰੀ ਕਰਨ ਤੇ ਪੂਰੀ ਪੈਨਸ਼ਨ ਦੇਣ ਦਾ ਲਾਭ ਦਿੱਤਾ ਗਿਆ ਹੈ। ਇਸ ਫੈਸਲੇ ਦੇ ਵਿਰੁੱਧ ਸਰਕਾਰ ਵਲੋਂ ਮਾਨਯੋਗ ਅਦਾਲਤ ਵਿਖੇ ਐਲ.ਪੀ.ਏ. ਨੰ: 691 ਆਫ 2020 ਦਾਇਰ ਕੀਤੀ ਗਈ ਹੈ ਜੋ ਕਿ ਮਿਤੀ 07.11.2023 ਨੂੰ ਮਾਨਯੋਗ ਅਦਾਲਤ ਵਿਖੇ ਸੁਣਵਾਈ ਲਈ ਨਿਸ਼ਚਿਤ ਹੈ। ਇਸ ਕੇਸ ਦੇ ਸਬੰਧ ਵਿੱਚ ਵਿੱਤ ਵਿਭਾਗ, ਪੰਜਾਬ ਸਰਕਾਰ ਵਲੋਂ ਸਿੱਖਿਆ ਵਿਭਾਗ ਵਿੱਚੋਂ ਸਮੂਹ ਕਾਡਰ ਦੇ ਸਾਲ 01.01.2006 ਤੋਂ 30.11.2011 ਤੱਕ ਰਿਟਾਇਰ ਹੋਏ ਕਰਮਚਾਰੀਆਂ ਜਿਨ੍ਹਾਂ ਨੂੰ 33 ਸਾਲ ਦੀ ਥਾਂ ਤੇ 25 ਸਾਲ ਦੀ ਸੇਵਾ ਪੂਰੀ ਕਰਨ ਤੇ ਪੂਰੀ ਪੈਨਸ਼ਨ ਦਾ ਲਾਭ ਦੇਣਾ ਬਣਦਾ ਹੈ, ਸਬੰਧੀ ਸਰਕਾਰ ਤੇ ਪੈਣ ਵਾਲੀ Financial Liability ਸਬੰਧੀ ਤਾਜ਼ਾ ਸੂਚਨਾ ਮਿਤੀ 31.07.2023 ਤੱਕ ਬਣਦੀ ਹੈ, ਦੀ ਮੁਕੰਮਲ ਸੂਚਨਾ ਕੰਸੋਲੀਡੇਟ ਕਰਕੇ ਭੇਜਣ ਲਈ ਲਿਖਿਆ ਗਿਆ ਹੈ। ਇਸ ਸਬੰਧੀ ਵਿੱਤ ਵਿਭਾਗ ਵਲੋਂ ਮਿਤੀ 31.07.2023 ਨੂੰ ਮੁੜ ਤੋਂ ਪ੍ਰੋਫਾਰਮਾ ਭੇਜਿਆ ਗਿਆ ਹੈ, ਜੋ ਕਿ ਇਸ ਦਫਤਰ ਵੱਲੋਂ ਸੂਚਨਾ ਮੁਕੰਮਲ ਤੌਰ ਤੇ ਕੰਸੋਲੀਡੇਟ ਕਰਕੇ ਮੁੱਖ ਦਫਤਰ ਨੂੰ ਭੇਜੀ ਜਾਣੀ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਹੇਠ ਦਿੱਤੇ ਪ੍ਰਫੋਰਮੇ ਵਿੱਚ ਸੂਚਨਾ ਇਸ ਦਫਤਰ ਦੀ ਈ-ਮੇਲ ਆਡੀ. AJ.DEKHAR@GMAIL.COM ਤੇ ਮਿਤੀ 03.08.2023 ਤੱਕ ਹਰ ਹਾਲ ਵਿੱਚ ਭੇਜੀ ਜਾਵੇ।

ਇਹ ਡਾਟਾ ਵਿਭਾਗ ਵਲੋਂ ਦਾਇਰ ਕੀਤੀਆਂ ਗਈਆਂ ਐਲ.ਪੀ.ਏਜ਼ ਵਿੱਚ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਹੈ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ। ਜੇਕਰ ਆਪ ਵਲੋਂ ਇਹ ਸੂਚਨਾ ਸਮੇਂ ਸਿਰ ਨਹੀਂ ਭੇਜੀ ਜਾਂਦੀ ਤਾਂ ਮਾਨਯੋਗ ਅਦਾਲਤ ਵਲੋਂ ਸਰਕਾਰ ਵਿਰੁੱਧ ਐਡਵਰਸ ਹੁਕਮ ਪਾਸ ਕੀਤੇ ਜਾ ਸਕਦੇ ਹਨ। ਜਿਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ।

| Sr. No. | Ddo Code | School Name | Name of employees who have retired within stipulated period from 01.01.2006 to 30.11.2011 | Date of Retirement | Last Basic pay | Last Basic pension | Years of Qualifying service after which he has retired | Financial Liability as on 31.07.2023 |
|---|---|---|---|---|---|---|---|---|
| 1 | | | | | | | | |

02/08/23
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

ਪਿੱਠ ਅਕੰਣ ਨੰ : ਉਕਤ ਮਿਤੀ 02.08.2023

ਉਪਰੋਕਤ ਦਾ ਉਤਾਰਾ ਮਾਨਯੋਗ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ ਨਗਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ